**ਅਮਰੂਦ ਦੀ ਕਾਸ਼ਤ**

**ਉੱਨਤ ਕਿਸਮਾਂ**

**ਪੰਜਾਬ ਐਪਲ ਅਮਰੂਦ: ਇਸ ਕਿਸਮ ਦੇ** ਫ਼ਲਾਂ ਦਾ ਰੰਗ ਗੂੜਾ ਲਾਲ ਹੁੰਦਾ ਹੈ ਜਿਸ ਵਿੱਚ ਮਿਠਾਸ ਦੀ ਮਾਤਰਾ 11.8 ਪ੍ਰਤੀਸ਼ਤ ਅਤੇ ਖਟਾਸ 0.45 ਪ੍ਰਤੀਸ਼ਤ **ਹੁੰਦੀ ਹੈ।**

**ਪੰਜਾਬ ਸਫ਼ੈਦਾ: ਇਸ ਕਿਸਮ ਦਾ ਰੰਗ ਕਰੀਮੀ ਅਤੇ ਗੁੱਦਾ** ਚਿੱਟਾ ਹੁੰਦਾ ਹੈ। ਇਸ ਵਿੱਚ ਮਿਠਾਸ ਦੀ ਮਾਤਰਾ 13.4 ਪ੍ਰਤੀਸ਼ਤ ਅਤੇ ਖਟਾਸ 0.62 ਪ੍ਰਤੀਸ਼ਤ ਹੁੰਦੀ ਹੈ।

**ਪੰਜਾਬ ਕਿਰਨ: ਇਹ ਇੱਕ** ਗੁਲਾਬੀ ਗੁੱਦੇ ਵਾਲੀ ਕਿਸਮ  ਹੈ ਜਿਸ ਵਿੱਚ 12.3 ਪ੍ਰਤੀਸ਼ਤ ਮਿਠਾਸ ਅਤੇ 0.44 ਪ੍ਰਤੀਸ਼ਤ ਖਟਾਸ ਹੁੰਦੀ ਹੈ। ਇਸ ਦੇ ਬੀਜ ਛੋਟੇ ਅਤੇ ਨਰਮ ਹੁੰਦੇ ਹਨ।

**ਸ਼ਵੇਤਾ: ਇਸ ਦਾ ਗੁੱਦਾ** ਕਰੀਮੀ ਚਿੱਟਾ, ਬੀਜ ਘੱਟ ਸਖਤ ਅਤੇ ਝਾੜ ਤਕਰੀਬਨ 151 ਕਿਲੋ/ਬੂਟਾ ਹੁੰਦਾ ਹੈ।

**ਪੰਜਾਬ-ਪਿੰਕ: ਇਸ ਦਾ** ਗੁੱਦਾ ਲਾਲ ਅਤੇ ਸੁਹਾਣੀ ਸੁਗੰਧੀ ਵਾਲਾ ਹੁੰਦਾ ਹੈ। ਇਸ ਕਿਸਮ ਵਿੱਚ ਮਿਠਾਸ 10.5 ਤੋਂ 12.0 ਪ੍ਰਤੀਸ਼ਤ ਅਤੇ ਝਾੜ: 158.4 ਕਿਲੋ/ਬੂਟਾ ਹੁੰਦਾ ਹੈ। ਇਹ ਪ੍ਰੋਸੈਸਿੰਗ ਲਈ ਢੁੱਕਵੀਂ ਕਿਸਮ ਹੈ।

**ਅਰਕਾ ਅਮੁਲਿਆ: ਇਹ** ਚਿੱਟੇ ਗੁੱਦੇ ਵਾਲੀ ਕਿਸਮ ਹੈ ਜਿਸ ਵਿੱਚ 9.3 ਤੋਂ 10.1 ਪ੍ਰਤੀਸ਼ਤ ਮਿਠਾਸ ਹੁੰਦੀ ਹੈ। ਇਸ ਦੇ ਬੀਜ ਨਰਮ ਹੁੰਦੇ ਹਨ ਅਤੇ ਝਾੜ 144 ਕਿਲੋ/ਬੂਟਾ ਹੁੰਦੀ ਹੈ।

**ਸਰਦਾਰ:** ਕਰੀਮੀ ਰੰਗ ਦੇ ਮੁਲਾਇਮ ਰਸ ਭਰਪੂਰ ਗੁੱਦੇ ਵਾਲੀ ਇਸ ਕਿਸਮ ਦੀ ਮਿਠਾਸ 10-12 ਪ੍ਰਤੀਸ਼ਤ ਅਤੇ ਝਾੜ 125 ਤੋਂ 150 ਕਿਲੋ/ਬੂਟਾ ਹੁੰਦਾ ਹੈ।

**ਅਲਾਹਾਬਾਦ ਸਫ਼ੈਦਾ: ਇਸ ਕਿਸਮ ਦਾ ਗੁੱਦਾ** ਮੁਲਾਇਮ ਚਿੱਟਾ, ਦਿਲ ਖਿੱਚਵੀਂ ਖੁਸ਼ਬੂ, 10-12 ਪ੍ਰਤੀਸ਼ਤ ਮਿਠਾਸ ਅਤੇ ਝਾੜ  120 ਤੋਂ 140 ਕਿਲੋ/ਬੂਟਾ ਹੁੰਦਾ ਹੈ।

**ਬੂਟੇ ਲਗਾਉਣ ਦਾ ਸਮਾਂ ਅਤੇ ਢੰਗ:**

**ਬਾਗ ਲਾਉਣ ਦਾ ਸਮਾਂ:** ਅਮਰੂਦ ਦੇ ਬਾਗ ਲਾਉਣ ਦਾ ਸਭ ਤੋਂ ਢੁੱਕਵਾਂ ਸਮਾਂ ਫਰਵਰੀ-ਮਾਰਚ ਜਾਂ ਅਗਸਤ-ਸਤੰਬਰ ਹੁੰਦਾ ਹੈ। ਅਮਰੂਦ ਦੇ ਬੂਟੇ 6.0 × 5.0 ਮੀਟਰ ਦੇ ਫਾਸਲੇ ਤੇ ਲਗਾਏ ਜਾਂਦੇ ਹਨ ਜਿਸ ਨਾਲ ਇੱਕ ਏਕੜ ਵਿੱਚ 132 ਬੂਟੇ ਲੱਗ ਸਕਦੇ ਹਨ।

**ਸਿੰਚਾਈ**

- ਨਵੇਂ ਲਗਾਏ ਬੂਟਿਆਂ ਨੂੰ ਗਰਮੀਆਂ ਵਿੱਚ ਹਫ਼ਤੇ ਪਿੱਛੋਂ ਪਾਣੀ ਅਤੇ ਸਰਦੀਆਂ ਵਿੱਚ 2-3 ਪਾਣੀਆਂ ਦੀ ਜ਼ਰੂਰਤ ਹੁੰਦੀ ਹੈ।
- ਫ਼ਲ ਦਿੰਦੇ ਬੂਟਿਆਂ ਨੂੰ ਚੰਗਾ ਫੁੱਲ ਪੈਣ ਅਤੇ ਫ਼ਲ ਲੱਗਣ ਵਾਸਤੇ ਗਰਮੀਆਂ ਵਿੱਚ 2-3 ਹਫ਼ਤੇ ਬਾਅਦ ਅਤੇ ਸਰਦੀਆਂ ਵਿੱਚ ਇੱਕ ਮਹੀਨੇ ਦੇ ਵਕਫ਼ੇ ਤੇ ਸਿੰਚਾਈ ਕਰੋ।
- ਫੁੱਲਾਂ ਵੇਲੇ ਭਰਵੀਂ ਸਿੰਚਾਈ ਨਹੀਂ ਕਰਨੀ ਚਾਹੀਦੀ ਕਿਉਂਕਿ ਇਸ ਨਾਲ ਫੁੱਲ ਝੜ ਜਾਂਦੇ ਹਨ ।

**ਨਦੀਨਾਂ ਦੀ ਰੋਕਥਾਮ**

- ਬਾਗਾਂ ਦੀ ਸਾਲ ਵਿੱਚ 2-3 ਵਾਰ ਹਲਕੀ ਵਹਾਈ ਕਰੋ।
- ਬੂਟਿਆਂ ਦੇ ਦੌਰਾਂ ਨੂੰ ਖੁਰਪੇ ਜਾਂ ਕਸੀਏ ਨਾਲ ਸਾਫ ਰੱਖੋ।
- ਨਦੀਨਾਂ ਨੂੰ ਕਰਚੇ ਕੱਟਣ ਵਾਲੀ ਮਸ਼ੀਨ ਨਾਲ ਵੀ ਕੱਟਿਆ ਜਾ ਸਕਦਾ ਹੈ।

- ਮਈ ਮਹੀਨੇ ਬਾਗਾਂ ਵਿੱਚ 4.0 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਝੋਨੇ ਦੀ ਪਰਾਲੀ ਵਿਛਾ ਕੇ ਵੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

## ਖਾਦਾਂ ਦੀ ਵਰਤੋਂ

| ਉਮਰ (ਸਾਲ) | ਰੂੜੀ ਦੀ ਖਾਦ (ਕਿਲੋ/ਬੂਟਾ) | ਮਾਤਰਾ (ਗ੍ਰਾਮ/ਬੂਟਾ) | | |
|---|---|---|---|---|
| | | ਯੂਰੀਆ | ਸੁਪਰਫਾਸਫੇਟ | ਮਿਊਰੇਟ ਆਫ ਪੋਟਾਸ਼ |
| 1-3 | 10-20 | 150-200 | 500-1500 | 100-400 |
| 4-6 | 25-40 | 300-600 | 1500-2000 | 600-1000 |
| 7-10 | 40-50 | 750-1000 | 2000-2500 | 1100-1500 |
| 10 ਤੋਂ ਉਤੇ | 50 | 1000 | 2500 | 1500 |

- ਰੂੜੀ ਦੀ ਖਾਦ ਮਈ ਵਿੱਚ ਪਾਉ।ਅੱਧੀਆਂ ਰਸਾਇਣਕ ਖਾਦਾਂ ਮਈ-ਜੂਨ ਤੇ ਅੱਧੀਆਂ ਸਤੰਬਰ-ਅਕਤੂਬਰ ਵਿੱਚ ਪਾਉ।
- ਝੋਨੇ ਦੀ ਪਰਾਲੀ ਤੋਂ ਬਣਾਈ ਕੰਪੋਸਟ 20 ਕਿਲੋ ਪ੍ਰਤੀ ਬੂਟੇ ਦੇ ਹਿਸਾਬ ਨਾਲ ਰੂੜੀ ਦੇ ਬਦਲ ਦੇ ਤੌਰ ਤੇ ਪਾਈ ਜਾ ਸਕਦੀ ਹੈ।

## ਅੰਤਰ ਫ਼ਸਲਾਂ ਦੀ ਕਾਸ਼ਤ

- ਪਹਿਲੇ ਤਿੰਨ-ਚਾਰ ਸਾਲਾਂ ਵਿੱਚ ਸਬਜ਼ੀਆਂ ਜਿਵੇਂ ਕਿ ਮੂਲੀ, ਗਾਜਰ, ਭਿੰਡੀ, ਬੈਂਗਣ ਆਦਿ ਬੀਜੀਆਂ ਜਾ ਸਕਦੀਆਂ ਹਨ।
- ਬਾਗ ਵਿੱਚ ਬੂਟਿਆਂ ਦਰਮਿਆਨ ਪਈ ਖਾਲੀ ਥਾਂ ਵਿੱਚ ਸਿਰਫ਼ ਫ਼ਲੀਦਾਰ ਫ਼ਸਲਾਂ ਜਿਵੇਂ ਕਿ ਲੋਬੀਆ, ਗੁਆਰਾ, ਛੋਲੇ ਆਦਿ ਦੀ ਕਾਸ਼ਤ ਕੀਤੀ ਜਾ ਸਕਦੀ ਹੈ।
- ਅੰਤਰ ਫ਼ਸਲਾਂ ਲਈ ਪਾਣੀ ਦਾ ਪ੍ਰਬੰਧ ਵੱਖਰਾ ਕਰੋ।

## ਸਿਧਾਈ ਅਤੇ ਕਾਂਟ-ਛਾਂਟ

- ਅਮਰੂਦਾਂ ਵਿਚ ਸਿਧਾਈ ਦਾ 'ਸੁਧਰਿਆ ਟੀਸੀ ਢੰਗ' ਵਰਤਿਆ ਜਾਂਦਾ ਹੈ।
- ਸੁਕੀਆਂ, ਬੀਮਾਰ, ਆਪਸੀ-ਫਸੀਆਂ ਟਹਿਣੀਆਂ, ਜ਼ਮੀਨ ਨਾਲ ਲਗਦੀਆਂ ਅਤੇ ਢਾਂਚੇ ਦੇ ਹੇਠੋਂ ਅਤੇ ਪਾਸੇ ਤੋਂ ਨਿੱਕਲੇ ਫੁਟਾਰੇ ਦੀ ਸਾਲਾਨਾ ਕਾਂਟ-ਛਾਂਟ ਵੀ ਕਰੋ।

## ਅਮਰੂਦਾਂ ਦੇ ਪੁਰਾਣੇ ਬੂਟਿਆਂ ਤੋਂ ਦੋਬਾਰਾ ਝਾੜ ਲੈਣ ਦੇ ਢੰਗ

ਅਮਰੂਦਾਂ ਦੇ ਘੱਟ ਝਾੜ ਦੇਣ ਵਾਲੇ ਪੁਰਾਣੇ ਬੂਟਿਆਂ ਨੂੰ ਮਾਰਚ ਦੇ ਮਹੀਨੇ ਜ਼ਮੀਨ ਤੋਂ 1.5 ਮੀਟਰ ਦੀ ਉਚਾਈ ਤੋਂ ਕੱਟ ਦਿਉ।ਬੂਟਿਆਂ ਦੇ ਕੱਟੇ ਹੋਏ ਸਿਰਿਆਂ ਉਪਰ ਬੋਰਡੋ ਪੇਸਟ ਲਗਾ ਦਿਉ।ਅਗਸਤ ਦੇ ਮਹੀਨੇ ਨਵੀਆਂ ਫੁੱਟੀਆਂ ਟਾਹਣੀਆਂ ਨੂੰ ਅੱਧ ਵਿਚਕਾਰੋਂ ਕੱਟ ਦਿਉ।ਸੰਘਣੀਆਂ ਅਤੇ ਆਪਸ ਵਿੱਚ ਫਸਦੀਆਂ ਟਹਿਣੀਆਂ ਨੂੰ ਵੀ ਕੱਢ ਦਿਉ।

## ਜ਼ਿੰਕ ਦੀ ਘਾਟ

ਜ਼ਿੰਕ ਦੀ ਘਾਟ ਇਸ ਤੱਤ ਦੀ ਘਾਟ ਦੀ ਪੂਰਤੀ ਲਈ ਜੂਨ ਤੋਂ ਸਤੰਬਰ ਵਿੱਚ ਪੰਦਰਾਂ ਦਿਨ ਦੇ ਵਕਫ਼ੇ ਤੇ 2-3 ਛਿੜਕਾਅ ਜ਼ਿੰਕ ਸਲਫੇਟ ਅਤੇ ਚੂਨੇ (1 ਕਿਲੋ ਜ਼ਿੰਕ ਸਲਫੇਟ + ਅੱਧਾ ਕਿਲੋ ਅਣਬੁਝਿਆ ਚੂਨਾ 100 ਲਿਟਰ ਪਾਣੀ 'ਚ) ਦੇ ਘੋਲ ਦੇ ਕਰੋ।

**ਫ਼ਲਾਂ ਦੀ ਇਕਸਾਰਤਾ**

**ਅਮਰੂਦਾਂ ਦੀ ਸਿਆਲੂ ਫ਼ਸਲ ਲੈਣ ਅਤੇ ਬਰਸਾਤੀ ਫ਼ਸਲ ਰੋਕਣ ਲਈ ਹੇਠ ਲਿਖੇ ਉਪਰਾਲੇ ਕਰੋ:**

- ਯੂਰੀਆ 10 ਪ੍ਰਤੀਸ਼ਤ ਜਾਂ ਨੈਫਥਲੀਨ ਏਸਟਿਕ ਏਸਿਡ (ਐਨ ਏ ਏ) 600 ਗਰਾਮ ਨੂੰ 1500-2000 ਮਿਲੀਲਿਟਰ ਅਲਕੋਹਲ 'ਚ ਘੋਲ ਕੇ 1000 ਲਿਟਰ ਪਾਣੀ 'ਚ ਮਿਲਾਉ ਅਤੇ ਮਈ ਮਹੀਨੇ ਜਦੋਂ ਭਰਪੂਰ ਫੁੱਲ ਖਿੜੇ ਹੋਣ, ਪ੍ਰਤੀ ਏਕੜ ਛਿੜਕਾਅ ਕਰੋ।
- ਟਹਿਣੀਆਂ ਦੇ 20-30 ਸੈਂਟੀਮੀਟਰ ਉਪਰਲੇ ਸਿਰਿਆ ਨੂੰ 20-30 ਅਪ੍ਰੈਲ ਦੌਰਾਨ ਕੱਟਣ ਨਾਲ ਬਰਸਾਤੀ ਫ਼ਸਲ ਆਉਣ ਤੋਂ ਪੂਰੀ ਤਰ੍ਹਾਂ ਰੁੱਕ ਜਾਂਦੀ ਹੈ।
- ਅਪ੍ਰੈਲ-ਮਈ ਦੌਰਾਨ ਪਾਣੀ ਬੰਦ ਕਰ ਦਿਉ ।
- ਜੂਨ ਦੇ ਮਹੀਨੇ ਖਾਦਾਂ ਪਾਉ ਤਾਂ ਜੋ ਜੁਲਾਈ-ਅਗਸਤ ਵਿੱਚ ਬੂਟੇ ਦਾ ਵਾਧਾ ਹੋਵੇ ਅਤੇ ਇਸ ਨਾਲ ਅਗਸਤ-ਸਤੰਬਰ ਦੇ ਮਹੀਨੇ ਸਰਦੀਆਂ ਦੀ ਫ਼ਸਲ ਲਈ ਵੱਧ ਤੋਂ ਵੱਧ ਫੁੱਲ ਪੈ ਸਕਣ

**ਫ਼ਲਾਂ ਦੀ ਪਕਾਈ, ਤੁੜਾਈ ਅਤੇ ਤੁੜਾਈ ਉਪਰੰਤ ਸੰਭਾਲ**

ਫ਼ਲ ਜਦੋਂ ਤਿਆਰ ਪਰ ਸਖਤ ਹੋਵੇ, ਉਸ ਸਮੇਂ ਤੋੜਨਾ ਚਾਹੀਦਾ ਹੈ।ਫ਼ਲ ਨੂੰ ਕਦੇ ਵੀ ਬੂਟੇ ਤੇ ਵਧੇਰੇ ਪੱਕਣ ਨਾ ਦਿਉ।ਇਸ ਤਰ੍ਹਾਂ ਇਨ੍ਹਾਂ ਦੀ ਗੁਣਵਤਾ ਖਰਾਬ ਹੋ ਜਾਂਦੀ ਹੇ ਅਤੇ ਪੰਛੀ ਵੀ ਜ਼ਿਆਦਾ ਨੁਕਸਾਨ ਕਰਦੇ ਹਨ।ਅਮਰੂਦ ਇੱਕ ਬਹੁਤ ਹੀ ਨਾਜ਼ੁਕ ਫ਼ਲ ਹੈ ਅਤੇ ਤੁੜਾਈ ਉਪਰੰਤ ਇਸ ਦਾ ਮੰਡੀਕਰਣ ਤੁਰੰਤ ਕਰਨਾ ਚਾਹੀਦਾ ਹੈ।

**ਕੀੜੇ-ਮਕੌੜੇ**

| **ਕੀੜੇ ਦਾ ਨਾਂ/ਨੁਕਸਾਨ ਦੇ ਚਿੰਨ੍ਹ** | **ਰੋਕਥਾਮ ਲਈ ਉਪਰਾਲੇ** |
|---|---|
| **ਫ਼ਲ ਦੀਆਂ ਮੱਖੀਆਂ**<br>• ਫ਼ਲ ਦੀ ਮੱਖੀ ਫ਼ਲਾਂ ਦੇ ਰੰਗ ਬਦਲਣ ਸਮੇਂ ਨਰਮ ਛਿਲਕੇ ਤੇ ਆਂਡੇ ਦਿੰਦੀ ਹੈ।<br>• ਆਂਡਿਆਂ 'ਚੋਂ ਬੱਚੇ ਨਿੱਕਲਣ ਤੋਂ ਬਾਅਦ ਇਹ ਫ਼ਲਾਂ 'ਚ ਛੇਕ ਕਰਦੇ ਹਨ ਅਤੇ ਨਰਮ ਗੁੱਦਾ ਖਾਂਦੇ ਹਨ।<br>• ਹਮਲੇ ਵਾਲੇ ਫ਼ਲ ਧੱਸੇ ਹੋਏ ਤੇ ਕਾਲੇ ਹਰੇ ਮੋਰੀਆਂ ਵਾਲੇ ਦਿਸਦੇ ਹਨ।<br>• ਜੇ ਫ਼ਲ ਕੱਟ ਕੇ ਦੇਖੀਏ ਤਾਂ ਕੀੜੇ ਦੀਆਂ ਸੁੰਡੀਆਂ ਨਜ਼ਰ ਆਉਂਦੀਆਂ ਹਨ।<br>• ਖਰਾਬ ਫ਼ਲ ਗਲ਼ ਕੇ ਹੇਠਾਂ ਡਿੱਗ ਪੈਂਦੇ ਹਨ। | ▪ ਫ਼ਲ ਦੀ ਮੱਖੀ ਦਾ ਗੰਭੀਰ ਹਮਲਾ ਹੋਣ ਤੇ ਵਰਖਾ ਰੁੱਤ ਦੀ ਫ਼ਸਲ ਨਹੀਂ ਲੈਣੀ ਚਾਹੀਦੀ।<br>▪ ਬੂਟੇ ਤੇ ਪੱਕੇ ਹੋਏ ਫ਼ਲ ਨਾ ਰਹਿਣ ਦਿਉ।<br>▪ ਹਮਲੇ ਕਾਰਨ ਡਿੱਗੇ ਹੋਏ ਫ਼ਲਾਂ ਨੂੰ ਇੱਕਠਾ ਕਰਕੇ ਜ਼ਮੀਨ ਵਿੱਚ ਘੱਟੋ-ਘੱਟ 60 ਸੈਂਟੀਮੀਟਰ ਡੂੰਘੇ ਦੱਬ ਦਿਉ।<br>▪ ਫ਼ਸਲ ਦੀ ਤੁੜਾਈ ਤੋਂ ਬਾਅਦ ਬਾਗ ਦੀ 4-6 ਸੈਂਟੀਮੀਟਰ ਤੱਕ ਕਲਟੀਵੇਟਰ ਨਾਲ ਹਲਕੀ ਵਹਾਈ ਕਰੋ ਤਾਂ ਜੋ ਮੱਖੀ ਦੀਆਂ ਸੁੰਡੀਆਂ ਨੰਗੀਆਂ ਹੋ ਕੇ ਮਰ ਜਾਣ।<br>▪ ਜੁਲਾਈ ਦੇ ਪਹਿਲੇ ਹਫ਼ਤੇ ਪੀ ਏ ਯੂ ਫਰੂਟ ਫਲਾਈ ਟਰੈਪ (16 ਟਰੈਪ ਪ੍ਰਤੀ ਏਕੜ) ਲਗਾਉ ਅਤੇ ਲੋੜ ਪੈਣ ਤੇ ਦੁਬਾਰਾ ਲਗਾਓ। |
| **ਟਹਿਣੀ ਦਾ ਗੜੂੰਆਂ**<br>• ਕੀੜਾ ਨਰਸਰੀ/ਜਵਾਨ ਬੂਟਿਆਂ ਦੀਆਂ ਨਾਜ਼ੁਕ ਟਹਿਣੀਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ।<br>• ਖਰਾਬ ਟਹਿਣੀਆਂ ਸੁੱਕ ਜਾਦੀਆਂ ਹਨ ਅਤੇ ਹਮਲੇ ਵਾਲੀ ਜਗ੍ਹਾ ਦੇ ਹੇਠਾਂ ਪੱਤਿਆਂ/ਟਹਿਣੀਆਂ ਤੇ ਬਰੀਕ ਕਾਲਾ ਬੂਰਾ ਦਿਸਣ ਕਰਕੇ ਦੂਰੋਂ ਹੀ ਨਜ਼ਰ ਆਉਣ ਲੱਗਦਾ ਹੈ। | ▪ ਹਮਲੇ ਵਾਲੀਆਂ ਟਹਿਣੀਆਂ ਨੂੰ ਥੋੜੇ ਤੰਦਰੁਸਤ ਹਿਸੇ ਸਮੇਤ ਲਗਾਤਾਰ ਕੱਟਦੇ ਰਹੋ |

| | |
|---|---|
| **ਮੀਲੀ ਬੱਗ**<br><br>• ਬੱਚੇ ਪੱਤਿਆਂ, ਨਰਮ ਸ਼ਾਖਾਵਾਂ, ਟਹਿਣੀਆਂ ਅਤੇ ਫ਼ਲਾਂ ਚੋਂ ਰਸ ਚੂਸ ਕੇ ਨੁਕਸਾਨ ਪਹੁੰਚਾਉਂਦੇ ਹਨ।<br>• ਇਨ੍ਹਾਂ ਦੇ ਮਿੱਠੇ ਮਲ-ਮੂਤਰ ਤੇ ਕਾਲੀ ਉੱਲੀ ਜੰਮ ਜਾਂਦੀ ਹੈ ਜਿਸ ਕਰਕੇ ਹਮਲੇ ਹੇਠ ਆਏ ਬੂਟੇ ਦੇ ਵੱਖ-ਵੱਖ ਹਿੱਸੇ ਕਾਲੀ ਭਾਅ ਜਿਹੀ ਮਾਰਦੇ ਹਨ। | ▪ ਹਮਲੇ ਹੇਠ ਆਈਆਂ ਟਹਿਣੀਆਂ ਨੂੰ ਕੱਟ ਕੇ ਨਸ਼ਟ ਕਰੋ।<br>▪ ਬਾਗਾਂ 'ਚੋਂ ਕੀੜੀਆਂ/ਕਾਢਿਆਂ ਦੇ ਭੌਣ ਨਸ਼ਟ ਕਰੋ। |

**ਬੀਮਾਰੀਆਂ**

| ਬਿਮਾਰੀ ਦਾ ਨਾਂ/ਲੱਛਣ | ਰੋਕਥਾਮ ਲਈ ਉਪਰਾਲੇ |
|---|---|
| **ਫਲਾਂ ਦਾ ਗਲਣਾ/ ਟਾਹਣੀਆਂ ਸੁੱਕਣਾ**<br><br>▪ ਫਲਾਂ ਉੱਪਰ ਚਿੱਬ ਵਾਲੇ, ਡੂੰਘੇ ਅਤੇ ਗੋਲ ਭੂਰੇ ਰੰਗ ਦੇ ਚੱਟਾਖ ਪੈ ਜਾਂਦੇ ਹਨ ।<br>▪ ਫਲ 2-3 ਦਿਨਾਂ ਵਿੱਚ ਹੀ ਪੂਰਾ ਗਲ੍ਹ-ਸੜ ਜਾਂਦਾ ਹੈ ।<br>▪ ਉੱਲੀ ਬਰਸਾਤ ਵਿੱਚ ਸ਼ਾਖਾਂ ਤੇ ਹਮਲਾ ਕਰਦੀ ਹੈ ਜਿਸ ਕਰਕੇ ਕਰੂੰਬਲਾਂ ਸੁੱਕ ਜਾਂਦੀਆਂ ਹਨ । | ▪ ਰੋਗੀ ਫਲ ਤੇ ਸੁੱਕੀਆਂ ਸ਼ਾਖਾਵਾਂ ਕੱਟਣ ਪਿੱਛੋਂ ਬੂਟਿਆਂ ਉੱਪਰ ਬੋਰਡੋ ਮਿਸ਼ਰਣ ਦਾ ਛਿੜਕਾਅ ਕਰੋ।<br>▪ ਇਹ ਛਿੜਕਾਅ ਫਲ ਪੈਣ ਸਮੇਂ ਅਤੇ 10-15 ਦਿਨਾਂ ਦਾ ਵਕਫਾ ਪਾ ਕੇ ਫਿਰ ਕਰੋ ।<br>▪ ਗਲੇ ਫਲਾਂ ਨੂੰ ਧਰਤੀ ਹੇਠ ਡੂੰਘਾ ਦੱਬ ਦਿਓ । |